ਪੰਜਾਬ ਸਕੂਲ ਸਿੱਖਿਆ ਬੋਰਡ

# ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਰਕਾਰੀ, ਏਡਿਡ, ਐਫੀਲੀਏਟਡ ਅਤੇ ਐਸੋਸੀਏਟਡ ਸਕੂਲਾਂ ਦੇ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਅੱਠਵੀਂ, ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵੇਰਵਿਆਂ ਨਾਂ,ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਰਜਿਸਟ੍ਰੇਸ਼ਨ ਨੰਬਰ, ਫੋਟੋ, ਹਸਤਾਖਰ, ਵਿਸ਼ੇ, ਸਟਰੀਮ ਆਦਿ ਦੀ ਆਨਲਾਈਨ ਐਂਟਰੀ ਕਰਦੇ ਸਮੇਂ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਦੇ ਇਨ੍ਹਾਂ ਵੇਰਵਿਆਂ ਵਿੱਚ ਕੋਈ ਤਰੁੱਟੀ ਰਹਿ ਗਈ ਹੈ ਤਾਂ ਅਜਿਹੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਬੋਰਡ ਵੱਲੋਂ ਮੌਕਾ ਦਿੱਤਾ ਜਾਂਦਾ ਹੈ। ਇਸ ਮੌਕੇ ਦੌਰਾਨ ਜੇਕਰ ਵਿਦਿਆਰਥੀ ਦੇ ਵੇਰਵਿਆਂ ਜਿਵੇਂ ਕਿ ਨਾਂ,ਪਿਤਾ ਦਾ ਨਾਂ, ਮਾਤਾ ਦਾ ਨਾਂ,ਆਧਾਰ ਨੰਬਰ, ਮਾਧਿਅਮ ਆਦਿ ਵਿੱਚ ਕੋਈ ਸੋਧ ਕਰਨੀ ਹੈ ਤਾਂ ਇਸ ਲਈ ਮਿਤੀ 20/09/2025 ਤੋਂ 30/09/2025 ਤੱਕ ਸਕੂਲ ਪੱਧਰ ਤੇ ਹੀ ਬਿਨ੍ਹਾਂ ਫੀਸ ਤੇ ਸੋਧ ਪ੍ਰੋਫਾਰਮਾ ਜਨਰੇਟ ਕਰਕੇ ਸੋਧ ਕੀਤੀ ਜਾ ਸਕਦੀ ਹੈ।

ਉਕਤ ਦੀ ਲਗਾਤਾਰਤਾ ਵਿੱਚ ਮਿਤੀ 01/10/2025 ਤੋਂ 15/10/2025 ਤੱਕ 200/- ਰੁ. ਪ੍ਰਤਿ ਸੋਧ ਫੀਸ ਨਾਲ ਸੋਧ ਪ੍ਰੋਫਾਰਮਾ ਅਤੇ ਲੋੜੀਂਦਾ ਰਿਕਾਰਡ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕੇਵਲ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਸੋਧਾਂ ਵੈਰੀਫਾਈ ਕਰਵਾਈਆਂ ਜਾ ਸਕਦੀਆਂ ਹਨ ਅਤੇ ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ, ਹਸਤਾਖਰ, ਵਿਸ਼ੇ ਅਤੇ ਸਟਰੀਮ ਦੀ ਸੋਧ ਲਈ ਮਿਤੀ 20/09/2025 ਤੋਂ 15/10/2025 ਤੱਕ ਸੋਧ ਪ੍ਰੋਫਾਰਮਾ ਸਮੇਤ ਲੋੜੀਂਦੇ ਦਸਤਾਵੇਜ਼ ਅਤੇ 1000/- ਰੁ. ਪ੍ਰਤਿ ਸੋਧ ਫੀਸ ਨਾਲ ਕੇਵਲ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਵਿੱਚ ਪਹੁੰਚ ਕਰਕੇ ਸੋਧ ਕਰਵਾਈ ਜਾ ਸਕਦੀ ਹੈ।

ਵਧੇਰੇ ਜਾਣਕਾਰੀ ਲਈ ਸ਼ਡਿਊਲ,ਹਦਾਇਤਾਂ ਅਤੇ ਸੋਧਾਂ ਕਰਨ ਦੀ ਵਿਧੀ ਸਕੂਲਾਂ ਦੀ ਲਾਗ-ਇੰਨ ਆਈ.ਡੀ. ਅਤੇ ਬੋਰਡ ਦੀ ਵੈਬ-ਸਾਈਟ ਤੇ ਉਪਲੱਬਧ ਹਨ।

19.9.2025

ਸੰਯੁਕਤ ਸਕੱਤਰ (ਜ)